# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.),ਅੰਮ੍ਰਿਤਸਰ।

ਵੱਲ,

ਪ੍ਰਿੰਸੀਪਲ/ਸਕੂਲ ਮੁੱਖੀ,
ਪ੍ਰਾਈਵੇਟ/ਏਡਿਡ/ਕੇਂਦਰੀ/ਐਨ.ਸੀ.ਐਲ.ਪੀ. /ਆਦਰਸ਼ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ:ਜੀ-6/2017 - 101 ਮਿਤੀ 16-01-2017

ਵਿਸ਼ਾ:- ਈ-ਪੰਜਾਬ ਵੈਬ ਪੋਰਟਲ ਤੇ ਆਧਾਰ ਕਾਰਡ ਅਪਡੇਟ ਨਾ ਕਰਨ ਸਬੰਧੀ।

ਹਵਾਲਾ ਮਾਨਯੋਗ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ ਪੰਜਾਬ ਜੀ ਦੇ ਪੱਤਰ ਨੰ: 8/14-2016 ਵਜੀਫਾ (6)/5 ਮਿਤੀ 03-01-2017 ਦੇ ਸਬੰਧ ਵਿੱਚ।

ਉਕਤ ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਮੇਂ-ਸਮੇਂ ਤੇ ਆਪ ਨੂੰ ਉਕਤ ਅਨੁਸਾਰ ਹਵਾਲਾ ਪੱਤਰ ਰਾਂਹੀ ਪੈਡਿੰਗ ਆਧਾਰ ਕਾਰਡ ਵਾਲੇ ਵਿਦਿਆਰਥੀਆਂ ਦੇ ਆਧਾਰ ਕਾਰਡ ਨਾ ਬਣਨ ਦੇ ਕਾਰਨ ਪੁੱਛੇ ਗਏ ਸਨ। ਇਸ ਤੋ ਇਲਾਵਾ ਜਿਲ੍ਹਾ/ਬਲਾਕ ਐਮ.ਆਈ.ਐਸ ਕੋਆਰਡੀਨੇਟਰ ਦੁਆਰਾ ਵੀ ਸਮੇਂ-ਸਮੇਂ ਤੇ ਫੋਨ ਕਰਕੇ ਸਥਿਤੀ ਸਪੱਸ਼ਟ ਕਰਨ ਲਈ ਲਗਭਗ ਸਾਰੇ ਹੀ ਪੈਡਿੰਗ ਸਕੂਲਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰੰਤੂ ਵਾਰ ਵਾਰ ਪੱਤਰ ਜਾਰੀ ਕਰਨ ਦੇ ਬਾਵਜੂਦ ਵੀ ਬਹੁਤ ਸਾਰੇ ਸਕੂਲਾਂ (ਨਾਲ ਨੱਥੀ ਅਨੁਸਾਰ) ਨੇ ਅਜੇ ਤੱਕ ਵੀ ਵਿਦਿਆਰਥੀਆਂ ਦੇ ਆਧਾਰ ਕਾਰਡ ਅਪਡੇਟ ਨਹੀ ਕੀਤੇ।

ਇਸ ਤੋ ਸਾਬਿਤ ਹੋ ਰਿਹਾ ਹੈ ਕਿ ਵਿਭਾਗ ਦੇ ਪੋਰਟਲ ਈ-ਪੰਜਾਬ ਨੂੰ ਨਜਰ ਅੰਦਾਜ ਕਰ ਰਹੇ ਹੋ ਜੋ ਕਿ ਨਿਯਮਾਂ ਦੀ ਉਲੰਘਨਾ ਹੈ। ਮਾਨਯੋਗ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ ਪੰਜਾਬ ਜੀ ਦੇ ਪੱਤਰ ਨੰ: 8/14-2016 ਵਜੀਫਾ (6)/5 ਮਿਤੀ 03-01-20172 (ਕਾਪੀ ਨਾਲ ਨੱਥੀ ਹੈ) ਮਿਤੀ 16-01-2017 ਨੂੰ ਮਾਨਯੋਗ ਡਾਇਰੈਕਰਟ ਜਨਰਲ ਸਕੂਲ ਸਿੱਖਿਆ, ਪੰਜਾਬ ਜੀ ਵੱਲੋਂ ਵਿਸ਼ੇਸ ਤੌਰ ਤੇ ਦਫਤਰ ਦੀ ਵਿਜਿਟ ਦੌਰਾਨ ਇਹ ਸਖਤ ਹਦਾਇਤਾਂ ਪ੍ਰਾਪਤ ਹੋਈਆਂ ਹਨ ਕਿ ਜਿਸ ਵੀ ਪ੍ਰਾਇਵੇਟ ਸਕੂਲ ਦੇ ਆਧਾਰ ਕਾਰਡ ਦਾ ਕੰਮ ਪੈਡਿੰਗ ਹੈ ਤਾਂ ਇਸ ਸਬੰਧੀ ਪ੍ਰਾਈਵੇਟ ਸਕੂਲਾਂ ਨਾਲ ਮੀਟਿੰਗ ਕਰਕੇ ਉਕਤ ਕੰਮ ਨੂੰ ਮੁਕੰਮਲ ਕਰਵਾਇਆ ਜਾਵੇ ਅਤੇ ਜੇਕਰ ਇਸ ਸਬੰਧੀ ਸਕੂਲ ਮੁੱਖੀ ਸਹਿਯੋਗ ਨਹੀ ਕਰਦੇ ਤਾਂ ਸਬੰਧਿਤ ਸਕੂਲ ਦਾ **No Objection Certificate** ਕੈਂਸਲ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਸਕੂਲਾਂ ਵਿਰੱਧ ਬਣਦੀ ਵਿਭਾਗੀ ਕਾਰਵਾਈ ਲਈ ਵਿਭਾਗ ਨੂੰ ਸੂਚਿਤ ਕੀਤਾ ਜਾਵੇਗਾ । ਇਸ ਸਬੰਧੀ ਮਿਤੀ 18-01-2017 ਨੂੰ ਸਵੇਰੇ 9.00 ਵਜੇ ਸ੍ਰੀ ਰਾਮ ਆਸ਼ਰਮ ਪਬਲਿਕ ਸੀਨੀ.ਸੈਕੰ.ਸਕੂਲ ਮਜੀਠਾ ਰੋਡ ਅੰਮ੍ਰਿਤਸਰ ਵਿਖੇ ਮਾਨਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਰੱਖੀ ਗਈ ਹੈ। ਇਸ ਮੀਟਿੰਗ ਵਿੱਚ ਸਕੂਲ ਦਾ ਕੇਵਲ ਪ੍ਰਿੰਸੀਪਲ/ਮੁੱਖ ਅਧਿਆਪਕ ਹੀ ਭਾਗ ਲਵੇਗਾ। ਮੀਟਿੰਗ ਵਿੱਚ ਭਾਗ ਨਾ ਲੈਣ ਵਾਲੇ ਸਕੂਲ ਦਾ **No Objection Certificate** ਕੈਂਸਲ ਕਰਵਾਉਣ ਲਈ ਵਿਭਾਗ ਨੂੰ ਲਿਖਿਆ ਜਾਵੇਗਾ। ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਨਾਲ ਨੱਥੀ:ਉਕਤ ਅਨੁਸਾਰ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),
ਅੰਮ੍ਰਿਤਸਰ।
16/01/17

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,
2. ਮਾਨਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ
3. ਆਰ.ਟੀ.ਈ. ਸਾਖਾ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ:ਸਿ:), ਅੰਮ੍ਰਿਤਸਰ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.),
ਅੰਮ੍ਰਿਤਸਰ।

ਜੀ. ਵਜਰਾਲਿੰਗਮ, ਆਈ.ਏ.ਐਸ.
ਵਧੀਕ ਮੁੱਖ ਸਕੱਤਰ

ਅ ਸ.ਪੱਤਰ. ਨੰ.:

ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਟੈਲੀਫੋਨ ਨੰ: 0172-2743541
ਈ-ਮੇਲ : psse@punjab.gov.in
ਮਿਤੀ, ਚੰਡੀਗੜ੍ਹ 3/1/2017

ਵਿਸ਼ਾ - ਪ੍ਰਾਈਵੇਟ ਸਕੂਲਾਂ ਵਿੱਚ 100% ਆਧਾਰ ਇੰਨਰੋਲਮੈਂਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਸਮੇਂ-ਸਮੇਂ ਤੇ ਆਧਾਰ ਸਬੰਧੀ ਹੋਈਆਂ ਮੀਟਿੰਗਾਂ ਦੌਰਾਨ ਇਹ ਧਿਆਨ ਵਿੱਚ ਲਿਆਂਦਾ ਗਿਆ ਕਿ ਸਮੂਹ ਜਿਲ੍ਹਿਆਂ ਦੇ ਪ੍ਰਾਈਵੇਟ ਸਕੂਲਾਂ ਵਿੱਚ ਆਧਾਰ ਇੰਨਰੋਲਮੈਂਟ ਦੀ ਸਥਿਤੀ ਸਰਕਾਰੀ ਸਕੂਲਾਂ ਦੇ ਮੁਕਾਬਲੇ ਕਾਫੀ ਘੱਟ ਹੈ। ਸਕੂਲ ਸਿੱਖਿਆ ਦੇ **epunjabschoolgov.in** ਤੋਂ ਪ੍ਰਾਪਤ ਸਟੇਟਸ ਅਨੁਸਾਰ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੇ ਆਧਾਰ ਨਹੀ ਬਣੇ ਹਨ। ਜੇਕਰ ਬਣੇ ਹਨ ਤਾਂ **epunjabschoolgov.in** ਪੋਰਟਲ ਤੇ **upload** ਨਹੀਂ ਕੀਤੇ ਗਏ।

ਆਪ ਨੂੰ ਲਿਖਿਆ ਜਾਂਦਾ ਹੈ ਕਿ ਪ੍ਰਾਈਵੇਟ ਸਕੂਲਾਂ ਦੀ ਇੱਕ ਮੀਟਿੰਗ ਬੁਲਾ ਕੇ ਆਪਣੇ ਪੱਧਰ ਤੇ ਵੱਧ ਤੋਂ ਵੱਧ ਸਕੂਲਾਂ ਨੂੰ ਕਵਰ ਕਰਨ ਦੇ ਉਪਰਾਲੇ ਕੀਤੇ ਜਾਣ। ਇਸ ਵਿੱਚ **UIDAI** ਵਿਭਾਗ ਵੱਲੋਂ ਨਿਯੁਕਤ ਇੰਨਰੋਲਮੈਂਟ ਏਜੰਸੀਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ। ਜੋ ਪ੍ਰਾਈਵੇਟ ਸਕੂਲ ਆਪ ਦੀ ਬੁਲਾਈ ਮੀਟਿੰਗ ਵਿੱਚ ਸ਼ਾਮਿਲ ਨਹੀਂ ਹੁੰਦੇ ਜਾਂ ਕੰਮ ਨੂੰ 100% ਮੁਕੰਮਲ ਕਰਨ ਵਿੱਚ ਸਹਿਯੋਗ ਨਹੀਂ ਦਿੰਦੇ, ਉਨ੍ਹਾਂ ਸਕੂਲਾਂ ਦਾ No Objection Certificate cancel ਕੀਤਾ ਜਾ ਸਕਦਾ ਹੈ। ਇਨ੍ਹਾਂ ਸਕੂਲਾਂ ਵਿਰੁੱਧ ਬਣਦੀ ਯੋਗ ਕਾਰਵਾਈ ਕਰਕੇ ਵਿਭਾਗ ਨੂੰ ਸੂਚਿਤ ਕੀਤਾ ਜਾਵੇ।

ਹਿੰਦੂ

(ਜੀ.ਵਜਰਾਲਿੰਗਮ)

ਸਮੂਹ ਡਿਪਟੀ ਕਮਿਸ਼ਨਰ, ਪੰਜਾਬ